Alberta

ਨਿਊਜ਼ ਰਿਲੀਜ਼

# ਅਲਬਰਟਾ ਪਰਿਵਾਰਾਂ ਲਈ ਕਿਫਾਇਤੀ ਚਾਈਲਡ ਕੇਅਰ ਦਾ ਵਿਸਤਾਰ ਕਰਨਾ

10 ਅਕਤੂਬਰ, 2023

## ਅਲਬਰਟਾ ਅਤੇ ਕੈਨੇਡਾ ਦੀਆਂ ਸਰਕਾਰਾਂ 22,500 ਤੱਕ ਚਾਈਲਡ-ਕੇਅਰ ਵਾਲੀਆਂ ਕਿਫਾਇਤੀ ਪ੍ਰਾਈਵੇਟ ਥਾਵਾਂ ਬਣਾਉਣ ਵਿੱਚ ਮਦਦ ਕਰ ਰਹੀਆਂ ਹਨ ਜਿੱਥੇ ਪਰਿਵਾਰਾਂ ਨੂੰ ਉਹਨਾਂ ਦੀ ਸਭ ਤੋਂ ਵੱਧ ਲੋੜ ਹੈ।

ਪ੍ਰਾਈਵੇਟ ਚਾਈਲਡ-ਕੇਅਰ ਓਪਰੇਟਰ ਉੱਚ-ਗੁਣਵੱਤਾ ਵਾਲੇ, ਕਿਫਾਇਤੀ ਚਾਈਲਡ-ਕੇਅਰ ਵਿਕਲਪ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਜੋ ਅਲਬਰਟਾ ਪਰਿਵਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ। ਅਲਬਰਟਾ ਦੇ ਪਰਿਵਾਰਾਂ ਲਈ ਚਾਈਲਡ-ਕੇਅਰ ਨੂੰ ਵਧੇਰੇ ਪਹੁੰਚਯੋਗ ਬਣਾਉਣ ਲਈ, ਅਲਬਰਟਾ ਦੀ ਸਰਕਾਰ ਪ੍ਰਾਈਵੇਟ ਚਾਈਲਡ-ਕੇਅਰ ਓਪਰੇਟਰਾਂ ਨੂੰ ਸ਼ਾਮਲ ਕਰਨ ਲਈ ਸਪੇਸ ਕ੍ਰਿਏਸ਼ਨ ਗ੍ਰਾਂਟ (Space Creation Grant) ਦਾ ਵਿਸਤਾਰ ਕਰ ਰਹੀ ਹੈ।

ਕੈਨੇਡਾ-ਅਲਬਰਟਾ ਕੈਨੇਡਾ-ਵਿਆਪੀ ਅਰਲੀ ਲਰਨਿੰਗ ਅਤੇ ਚਾਈਲਡ ਕੇਅਰ ਐਗਰੀਮੈਂਟ ਰਾਹੀਂ, ਚਾਈਲਡ-ਕੇਅਰ ਦੀਆਂ ਨਵੀਆਂ ਥਾਵਾਂ ਖੋਲ੍ਹਣ ਨਾਲ ਸਬੰਧਤ ਕੁਝ ਖਰਚਿਆਂ ਦੇ ਨਾਲ ਪ੍ਰਾਈਵੇਟ ਓਪਰੇਟਰਾਂ ਦੀ ਸਹਾਇਤਾ ਲਈ $28 ਮਿਲੀਅਨ ਦੀ ਵੰਡ ਕੀਤੀ ਜਾ ਰਹੀ ਹੈ। ਇਹ ਵਿਸਤਾਰ ਸੂਬੇ ਭਰ ਵਿੱਚ ਉੱਚ-ਲੋੜ ਵਾਲੇ ਅਤੇ ਉੱਚ-ਮੰਗ ਵਾਲੇ ਭਾਈਚਾਰਿਆਂ ਵਿੱਚ 22,500 ਨਵੀਆਂ, ਲਾਇਸੰਸਸ਼ੁਦਾ ਚਾਈਲਡ-ਕੇਅਰ ਥਾਵਾਂ ਦਾ ਸਮਰਥਨ ਕਰਦਾ ਹੈ।

"ਉੱਚ-ਗੁਣਵੱਤਾ, ਕਿਫਾਇਤੀ ਚਾਈਲਡ ਕੇਅਰ ਪਹੁੰਚਯੋਗ ਹੋਣੀ ਚਾਹੀਦੀ ਹੈ ਅਤੇ ਉਸ ਨੂੰ ਅਲਬਰਟਾ ਦੇ ਸਾਰੇ ਪਰਿਵਾਰਾਂ ਲਈ ਕੰਮ ਕਰਨਾ ਚਾਹੀਦਾ ਹੈ। ਸਪੇਸ ਕ੍ਰਿਏਸ਼ਨ ਗ੍ਰਾਂਟ ਦਾ ਵਿਸਤਾਰ ਕਰਨਾ ਸਾਡੇ ਚਾਈਲਡ-ਕੇਅਰ ਸਿਸਟਮ ਨੂੰ ਵਧਣ ਅਤੇ ਵਧਣ-ਫੁੱਲਣ ਵਿੱਚ ਮਦਦ ਕਰੇਗਾ, ਬੱਚਿਆਂ ਲਈ ਹਜ਼ਾਰਾਂ ਬਹੁਤ ਲੋੜੀਂਦੀਆਂ ਨਵੀਆਂ ਥਾਂਵਾਂ ਦੇ ਨਾਲ-ਨਾਲ ਓਪਰੇਟਰਾਂ ਅਤੇ ਉੱਦਮੀਆਂ ਲਈ ਮੌਕੇ ਵੀ ਪੈਦਾ ਕਰੇਗਾ।"

*ਸੇਰਲ ਟਰਟਨ, ਬੱਚਿਆਂ ਅਤੇ ਪਰਿਵਾਰਕ ਸੇਵਾਵਾਂ ਦੇ ਮੰਤਰੀ*

ਪ੍ਰਾਈਵੇਟ ਓਪਰੇਟਰਾਂ ਨੂੰ ਸ਼ਾਮਲ ਕਰਨ ਲਈ ਅਲਬਰਟਾ ਦੀ ਸਪੇਸ ਕ੍ਰਿਏਸ਼ਨ ਗ੍ਰਾਂਟ ਦਾ ਵਿਸਤਾਰ ਕਰਨਾ ਇਹ ਯਕੀਨੀ ਬਣਾਉਣ ਲਈ ਸਰਕਾਰ ਦੀ ਵਚਨਬੱਧਤਾ ਨੂੰ ਮਜਬੂਤ ਕਰਦਾ ਹੈ ਕਿ ਅਲਬਰਟਾ ਦੇ ਮਾਤਾ-ਪਿਤਾ ਕੋਲ ਵਿਕਲਪ ਹਨ ਜਦੋਂ ਚਾਈਲਡ-ਕੇਅਰ

ਦੇ ਉਸ ਵਿਕਲਪ ਦੀ ਚੋਣ ਕਰਨ ਦੀ ਗੱਲ ਆਉਂਦੀ ਹੈ ਜੋ ਉਹਨਾਂ ਦੇ ਪਰਿਵਾਰ ਲਈ ਸਭ ਤੋਂ ਵਧੀਆ ਕੰਮ ਕਰਦਾ ਹੈ। ਇਹ ਅਲਬਰਟਾ ਨੂੰ 2026 ਤੱਕ ਔਸਤਨ $10 ਪ੍ਰਤੀ ਦਿਨ ਚਾਈਲਡ ਕੇਅਰ ਦੇ ਟੀਚੇ ਨੂੰ ਪ੍ਰਾਪਤ ਕਰਨ ਦੇ ਨੇੜੇ ਲਿਆਉਂਦਾ ਹੈ।

ਕੈਨੇਡਾ-ਅਲਬਰਟਾ ਕੈਨੇਡਾ-ਵਿਆਪੀ ਅਰਲੀ ਲਰਨਿੰਗ ਅਤੇ ਚਾਈਲਡ ਕੇਅਰ ਐਗਰੀਮੈਂਟ ਪੰਜ ਸਾਲਾਂ ਤੋਂ ਵੱਧ ਸਮੇਂ ਵਿੱਚ ਚਾਈਲਡ ਕੇਅਰ ਲਈ ਅੰਦਾਜ਼ਨ $3.8 ਬਿਲੀਅਨ ਪ੍ਰਦਾਨ ਕਰਦੀ ਹੈ। ਇਸ ਫੰਡਿੰਗ ਨੇ ਕਿੰਡਰਗਾਰਟਨ-ਉਮਰ ਦੇ ਬੱਚਿਆਂ ਲਈ ਮਾਤਾ-ਪਿਤਾ ਦੀਆਂ ਫੀਸਾਂ ਨੂੰ ਔਸਤਨ 50 ਪ੍ਰਤੀਸ਼ਤ ਤੱਕ ਘਟਾਉਣ ਵਿੱਚ ਮਦਦ ਕੀਤੀ ਹੈ।

ਸਪੇਸ ਕ੍ਰਿਏਸ਼ਨ ਗ੍ਰਾਂਟ ਫੰਡਿੰਗ ਲਈ ਅਰਜ਼ੀਆਂ ਨਵੇਂ ਅਤੇ ਮੌਜੂਦਾ ਲਾਇਸੰਸਸ਼ੁਦਾ ਗੈਰ-ਮੁਨਾਫ਼ਾ ਅਤੇ ਪ੍ਰਾਈਵੇਟ ਸੁਵਿਧਾ-ਅਧਾਰਿਤ ਚਾਈਲਡ-ਕੇਅਰ ਪ੍ਰੋਗਰਾਮਾਂ ਅਤੇ ਫੈਮਿਲੀ ਡੇ ਹੋਮ ਏਜੰਸੀਆਂ ਲਈ ਖੁੱਲ੍ਹੀਆਂ ਹਨ ਜੋ ਚਾਈਲਡ ਕੇਅਰ ਦੀਆਂ ਨਵੀਆਂ ਥਾਵਾਂ ਬਣਾਉਣ ਵਿੱਚ ਦਿਲਚਸਪੀ ਰੱਖਦੇ ਹਨ। ਓਪਰੇਟਰ ਅਲਬਰਟਾ ਪਰਚੇਜ਼ਿੰਗ ਕਨੈਕਸ਼ਨ ਵੈੱਬਸਾਈਟ ਰਾਹੀਂ ਅਪਲਾਈ ਕਰਨ ਦੇ ਯੋਗ ਹੋਣਗੇ। ਇਸ ਸਮੇਂ 'ਤੇ ਅਰਜ਼ੀਆਂ ਲਈ ਕੋਈ ਅੰਤਮ ਤਾਰੀਖ ਨਹੀਂ ਹੈ।

ਯੋਗ ਪ੍ਰਾਪਤਕਰਤਾ ਫੈਮਲੀ ਡੇ ਹੋਮ ਏਜੰਸੀਆਂ ਲਈ $1,350 ਤੱਕ ਅਤੇ ਹਰੇਕ ਨਵੀਂ ਲਾਇਸੰਸਸ਼ੁਦਾ ਚਾਈਲਡ-ਕੇਅਰ ਸਪੇਸ ਲਈ ਸੁਵਿਧਾ-ਅਧਾਰਿਤ ਪ੍ਰੋਗਰਾਮਾਂ ਲਈ $6,000 ਤੱਕ ਪ੍ਰਾਪਤ ਕਰ ਸਕਦੇ ਹਨ।

ਕੈਨੇਡਾ-ਅਲਬਰਟਾ ਕੈਨੇਡਾ-ਵਿਆਪੀ ਅਰਲੀ ਲਰਨਿੰਗ ਅਤੇ ਚਾਈਲਡ ਕੇਅਰ ਐਗਰੀਮੈਂਟ ਰਾਹੀਂ ਕੁੱਲ 65,000 ਚਾਈਲਡ-ਕੇਅਰ ਥਾਂਵਾਂ ਬਣਾਈਆਂ ਜਾ ਰਹੀਆਂ ਹਨ। ਇਸ ਵਿੱਚ 42,500 ਗੈਰ-ਮੁਨਾਫਾ ਥਾਂਵਾਂ ਅਤੇ 22,500 ਪ੍ਰਾਈਵੇਟ ਥਾਵਾਂ ਸ਼ਾਮਲ ਹਨ। ਅਲਬਰਟਾ ਦੀ ਸਰਕਾਰ 68,700 ਨਵੀਆਂ ਥਾਂਵਾਂ ਦੀ ਕੁੱਲ ਵਚਨਬੱਧਤਾ ਲਈ, ਵਾਧੂ 3,700 ਪ੍ਰਾਈਵੇਟ ਥਾਵਾਂ ਦਾ ਸਮਰਥਨ ਕਰ ਰਹੀ ਹੈ ਜੋ ਕਿ ਨਵੰਬਰ 2021 ਵਿੱਚ ਸਮਝੌਤੇ 'ਤੇ ਦਸਤਖਤ ਕੀਤੇ ਜਾਣ ਤੋਂ ਬਾਅਦ ਖੋਲ੍ਹਣ ਲਈ ਤਿਆਰ ਸਨ।

## ਸੰਬੰਧਿਤ ਜਾਣਕਾਰੀ

- ਚਾਈਲਡ ਕੇਅਰ - ਸਪੇਸ ਕ੍ਰਿਏਸ਼ਨ ਗ੍ਰਾਂਟ
- ਸੰਘੀ-ਸੂਬਾਈ ਚਾਈਲਡ ਕੇਅਰ ਸਮਝੌਤਾ

## ਸੰਬੰਧਿਤ ਖਬਰਾਂ

- ਹੋਰ ਕਿਫਾਇਤੀ ਲਾਇਸੰਸਸ਼ੁਦਾ ਡੇ ਹੋਮ ਥਾਵਾਂ ਬਣਾਉਣਾ (16 ਫਰਵਰੀ, 2023)
- ਚਾਈਲਡ ਕੇਅਰ ਵਾਲੀਆਂ ਕਿਫਾਇਤੀ, ਪਹੁੰਚਯੋਗ ਥਾਵਾਂ ਲਈ ਹੋਰ ਵਿਕਲਪ (31 ਜਨਵਰੀ, 2023)

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਦੇਖੋ